# ਮਨੁੱਖੀ ਟਿਸ਼ੂ ਅਦਾਰੇ (Human Tissue Authority) ਦੇ ਅਭਿਆਸ ਕੋਡ F 'ਤੇ ਜਨਤਾ ਲਈ ਇੱਕ ਗਾਈਡ: ਠੋਸ ਅੰਗਾਂ ਅਤੇ ਟਿਸ਼ੂ ਦੀ ਟ੍ਰਾਂਸਪਲਾਂਟ ਕਿਰਿਆ ਲਈ ਇਹਨਾਂ ਦਾ ਦਾਨ (ਦੂਜਾ ਭਾਗ: ਮ੍ਰਿਤਕ ਦੇ ਅੰਗ ਅਤੇ ਟਿਸ਼ੂ ਦਾ ਦਾਨ)

ਅੰਗ ਅਤੇ ਟਿਸ਼ੂ ਦੇ ਦਾਨ ਪ੍ਰਤੀ ਸਾਡੇ ਨਿਯਮ ਦੀ ਇਹ ਗਾਈਡ 'ਤੁਹਾਡਾ' ('you') ਇੱਕ ਸੰਭਾਵੀ ਦਾਨੀ ਵਜੋਂ ਸੰਬੋਧਣ ਕਰਨ ਲਈ ਲਿਖੀ ਗਈ ਹੈ ਜੋ ਆਪਣੀ ਮੌਤ ਤੋਂ ਬਾਅਦ ਆਪਣੇ ਅੰਗਾਂ ਅਤੇ ਟਿਸ਼ੂਆਂ ਨੂੰ ਦਾਨ ਕਰਨ ਵਿੱਚ ਦਿਲਚਸਪੀ ਰੱਖਦਾ ਹੈ। ਇਹ ਮਨੁੱਖੀ ਟਿਸ਼ੂ ਅਦਾਰੇ (HTA) ਦੇ ਅਭਿਆਸ ਕੋਡ F (ਦੂਜਾ ਭਾਗ) ਮ੍ਰਿਤਕ ਦੇ ਅੰਗ ਅਤੇ ਟਿਸ਼ੂ ਦੇ ਦਾਨ ਉੱਤੇ ਆਧਾਰਿਤ ਹੈ, ਜੋ ਅੰਗ ਦਾਨ ਅਤੇ ਟ੍ਰਾਂਸਪਲਾਂਟ ਕਰਨ ਲਈ ਕੰਮ ਕਰ ਰਹੇ ਪੇਸ਼ੇਵਰਾਂ ਲਈ ਨਿਯਤ ਹੈ:

ਇੰਗਲੈਂਡ ਵਿੱਚ ਮ੍ਰਿਤਕ ਦੇ ਅੰਗ ਅਤੇ ਟਿਸ਼ੂ ਦਾਨ ਲਈ ਨਵੀਂ ਪ੍ਰਣਾਲੀ ਦੇ ਨਾਲ ਜਾਣ-ਪਛਾਣ ਨੂੰ ਦਰਸਾਉਣ ਲਈ (ਜਿਸਦਾ ਆਮ ਤੌਰ 'ਤੇ "ਚੋਣ ਵਾਪਸ ਲੈਣ" ("opt-out") ਜਾਂ "ਸੋਚੀ-ਸਮਝੀ ਸਹਿਮਤੀ" ("deemed consent") ਦੀ ਪ੍ਰਣਾਲੀ ਵਜੋਂ ਹਵਾਲਾ ਦਿੱਤਾ ਗਿਆ ਹੈ) 2020 ਵਿੱਚ ਦੂਜੇ ਹਿੱਸੇ ਨੂੰ ਅੱਪਡੇਟ ਕੀਤਾ ਗਿਆ ਸੀ।

ਵੇਲਸ (Wales) ਨੇ 2015 ਤੋਂ ਮ੍ਰਿਤਕ ਦੇ ਅੰਗ ਅਤੇ ਟਿਸ਼ੂ ਦਾਨ ਲਈ ਸੋਚੀ-ਸਮਝੀ ਸਹਿਮਤੀ ਦੀ ਪ੍ਰਣਾਲੀ ਦੇ ਤਹਿਤ ਕੰਮ ਕੀਤਾ ਹੈ।

ਉੱਤਰੀ ਆਇਰਲੈਂਡ ਵਿੱਚ, ਸੋਚੀ-ਸਮਝੀ ਸਹਿਮਤੀ ਲਾਗੂ ਨਹੀਂ ਹੁੰਦੀ; ਸੰਭਾਵੀ ਦਾਨੀ ਦੁਆਰਾ ਹਮੇਸ਼ਾ ਆਪਣੀ ਮੌਤ ਤੋਂ ਪਹਿਲਾਂ, ਜਾਂ ਉਸਦੀ ਮੌਤ ਤੋਂ ਬਾਅਦ ਨਾਮ ਦਿੱਤੇ ਗਏ ਨੁਮਾਇੰਦੇ ਜਾਂ ਯੋਗ ਬਣਦੇ ਰਿਸ਼ਤੇਦਾਰ (ਹੇਠਾਂ ਅਪੈਂਡਿਕਸ A (Appendix A) ਦੇਖੋ) ਦੁਆਰਾ ਸਪਸ਼ਟਤਾ ਨਾਲ ਸਹਿਮਤੀ ਦੇਣਾ ਲਾਜ਼ਮੀ ਹੁੰਦਾ ਹੈ।

ਸਕੌਟਲੈਂਡ ਵਿੱਚ HTA ਮ੍ਰਿਤਕ ਦੇ ਅੰਗ ਅਤੇ ਟਿਸ਼ੂ ਦਾਨ ਨੂੰ ਨਿਯੰਤ੍ਰਿਤ ਕਰਨ ਵਿੱਚ ਕੋਈ ਰੋਲ ਅਦਾ ਨਹੀਂ ਕਰਦੀ। ਤੁਸੀਂ ਸਕੌਟਲੈਂਡ ਵਿੱਚ ਅੰਗ ਅਤੇ ਟਿਸ਼ੂ ਦਾਨ ਬਾਰੇ ਹੋਰ ਜ਼ਿਆਦਾ ਇੱਥੇਪੜ੍ਹ ਸਕਦੇ ਹੋ।

## ਇਸ ਗਾਈਡ ਵਿੱਚ ਕਵਰ ਨਹੀਂ ਕੀਤਾ ਗਿਆ

- ਸਰੀਰ ਦਾ ਦਾਨ (Body donation)
- ਖੋਜ ਲਈ ਅੰਗ ਅਤੇ ਟਿਸ਼ੂ ਦਾ ਦਾਨ

# ਆਮ ਤੌਰ 'ਤੇ ਵਰਤੇ ਗਏ ਸ਼ਬਦ

## ਅੰਗ (Organs)

ਜਿੱਥੇ ਅਸੀਂ ਇਸ ਨਿਰਦੇਸ਼ਨ ਵਿੱਚ ਅੰਗ, ਜਾਂ ਅੰਗਾਂ ਸ਼ਬਦ ਦੀ ਵਰਤੋਂ ਕਰਦੇ ਹਾਂ, ਤਾਂ ਇਹ ਵਿਸ਼ੇਸ਼ ਤੌਰ 'ਤੇ ਸਮੁੱਚੇ ਠੋਸ ਅੰਗ, ਜਾਂ ਅੰਗਾਂ ਦਾ ਹਵਾਲਾ ਦਿੰਦਾ ਹੈ, ਹੇਠ ਲਿਖਿਆਂ ਦੇ ਸਮੇਤ:

- ਗੁਰਦਾ
- ਲੀਵਰ (ਜਿਗਰ)
- ਦਿਲ
- ਪਾਚਕ ਗ੍ਰੰਥੀ (Pancreas)
- ਫੇਫੜਾ

ਅੰਗ ਵਿੱਚ ਕੀ-ਕੁਝ ਸ਼ਾਮਲ ਹੈ, ਇਸ ਸਬੰਧ ਵਿੱਚ ਇਸਦੀ ਸਾਧਾਰਨ ਪਰਿਭਾਸ਼ਾ ਵਿੱਚ ਸਰੀਰ ਦਾ ਅਜਿਹਾ ਹਿੱਸਾ ਆਉਂਦਾ ਹੈ ਜਿਸਦਾ ਕੋਈ ਵਿਸ਼ੇਸ਼ ਅਹਿਮ ਉਦੇਸ਼ ਹੁੰਦਾ ਹੈ।

## ਟਿਸ਼ੂ (Tissue)

ਜਿੱਥੇ ਅਸੀਂ ਟਿਸ਼ੂ ਸ਼ਬਦ ਦੀ ਵਰਤੋਂ ਕਰਦੇ ਹਾਂ, ਇਸਦਾ ਹਵਾਲਾ ਅਜਿਹੇ ਸੈੱਲਾਂ ਦੁਆਰਾ ਬਣੇ ਮਨੁੱਖੀ ਸਰੀਰ ਦੇ ਹੋਰ ਭਿੰਨ-ਭਿੰਨ ਹਿੱਸੇ/ਹਿੱਸਿਆਂ ਦੁਆਰਾ ਦਿੱਤਾ ਜਾਂਦਾ ਹੈ ਜੋ ਸਮੁੱਚੇ ਠੋਸ ਅੰਗ ਨਹੀਂ ਹਨ।

## ਅੰਗ ਅਤੇ ਟਿਸ਼ੂ (Organs and Tissue)

ਜਦੋਂ ਅਸੀਂ “ਅੰਗਾਂ ਅਤੇ ਟਿਸ਼ੂ” ਦਾ ਹਵਾਲਾ ਦਿੰਦੇ ਹਾਂ, ਇੱਥੇ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਇਹ ਦੋਹਾਂ ਦਾ ਸੁਮੇਲ ਹੈ।

## ਸੋਚੀ-ਸਮਝੀ ਸਹਿਮਤੀ (Deemed Consent)

ਇੰਗਲੈਂਡ ਅਤੇ ਵੇਲਸ ਵਿੱਚ, 18 ਸਾਲ ਅਤੇ ਵੱਡੀ ਉਮਰ ਦੇ ਵਿਅਕਤੀਆਂ ਨੂੰ ਮੌਤ ਤੋਂ ਬਾਅਦ ਅੰਗ ਅਤੇ ਟਿਸ਼ੂ ਦੇ ਸੰਭਾਵੀ ਦਾਨੀਆਂ ਵਜੋਂ ਵਿਚਾਰਿਆ ਜਾ ਸਕਦਾ ਹੈ, ਜਦੋਂ ਤਕ ਉਹ ਦਾਨੀ ਨਾ ਬਣਨ ਦੀ ਇੱਛਾ ਦਿਖਾ ਰਿਹਾ ਕੋਈ ਫੈਸਲਾ ਨਹੀਂ ਲੈਂਦੇ। ਤੁਹਾਡੀ ਮੌਤ ਤੋਂ ਬਾਅਦ ਤੁਹਾਡੀ ਖਾਤਿਰ ਇਹ ਫੈਸਲਾ ਲੈਣ ਲਈ ਕਿਸੇ ਨੁਮਾਇੰਦੇ ਦਾ ਨਾਮ ਦੇਣਾ ਵੀ ਸੰਭਵ ਹੁੰਦਾ ਹੈ।

ਜੇ ਤੁਸੀਂ ਇੱਕ “ਅਪੇਖਿਅਤ ਬਾਲਗ਼” (“excepted adult”) (ਵਧੇਰੀ ਜਾਣਕਾਰੀ ਲਈ ਹੇਠਾਂ ਹੋਰ ਜਾਣਕਾਰੀ ਅਤੇ ਸੰਸਾਧਨ (Further Information and Resources) ਦੇਖੋ) ਹੋ ਤਾਂ ਇਹ ਲਾਗੂ ਨਹੀਂ ਹੋਵੇਗਾ।

## HTA ਦਾ ਰੋਲ (The role of the HTA)

HTA ਅੰਗਾਂ, ਟਿਸ਼ੂਆਂ ਅਤੇ ਸੈੱਲਾਂ (ਪ੍ਰਜਣਨ ਸੈੱਲਾਂ ਨੂੰ ਛੱਡ ਕੇ) ਦੇ ਦਾਨ ਨੂੰ ਨਿਯੰਤ੍ਰਿਤ ਕਰਦੇ ਹਨ, ਅਤੇ ਕਾਨੂੰਨ ਬਾਰੇ ਸਲਾਹ ਅਤੇ ਅਗੁਆਈ ਪ੍ਰਦਾਨ ਕਰਦੇ ਹਨ।

ਇੰਗਲੈਂਡ ਅਤੇ ਵੇਲਸ ਵਿੱਚ ਮੌਤ ਤੋਂ ਬਾਅਦ ਅੰਗ ਅਤੇ ਟਿਸ਼ੂ ਦਾਨ ਲਈ ਪਹਿਲਾਂ ਤੋਂ ਸੋਚੀ-ਸਮਝੀ ਸਹਿਮਤੀ ਦੀ ਪ੍ਰਣਾਲੀ ਕੰਮ ਕਰਦੀ ਹੈ। ਇਹ HTA ਦੇ ਜ਼ਿੰਦਾ ਅੰਗ ਦਾਨ ਕਰਨ ਦੇ ਨਿਯਮ ਨੂੰ ਪ੍ਰਭਾਵਿਤ ਨਹੀਂ ਕਰਦੀ।

# ਭਾਗ 2 - ਮੌਤ ਤੋਂ ਬਾਅਦ ਅੰਗਾਂ ਅਤੇ ਟਿਸ਼ੂ ਨੂੰ ਦਾਨ ਕਰਨਾ

ਇਹ ਜਨਤਕ ਗਾਈਡ ਇੰਗਲੈਂਡ ਅਤੇ ਵੇਲਸ ਵਿੱਚ **ਸਿਰਫ਼** ਅੰਗਾਂ ਅਤੇ ਟਿਸ਼ੂਆਂ ਦੀ ਮੌਤ ਤੋਂ ਬਾਅਦ ਦਾ ਹਵਾਲਾ ਦਿੰਦੀ ਹੈ।

ਮਈ 2020 ਨੂੰ, ਇੰਗਲੈਂਡ ਵਿੱਚ ਮ੍ਰਿਤਕ ਦੇ ਅੰਗ ਅਤੇ ਟਿਸ਼ੂ ਦੇ ਦਾਨ ਲਈ ਸਹਿਮਤੀ ਸਬੰਧੀ ਜ਼ਰੂਰਤਾਂ ਬਦਲ ਦਿੱਤੀਆਂ ਗਈਆਂ ਅਤੇ ਇਹਨਾਂ ਨੂੰ ਆਮ ਤੌਰ 'ਤੇ ਸੰਦਰਭ ਦਿੱਤੀ "ਚੋਣ ਵਾਪਸ ਲੈਣ" ("opt-out") ਦੀ ਪ੍ਰਣਾਲੀ ਦੇ ਰੂਪ ਵਿੱਚ ਬਦਲਿਆ ਗਿਆ। ਵੇਲਸ ਵਿੱਚ, ਇਹ ਪ੍ਰਣਾਲੀ 2015 ਤੋਂ ਸਥਾਪਿਤ ਕੀਤੀ ਗਈ ਹੈ।

ਇਲਦਾ ਮਤਲਬ ਇਹ ਹੈ ਕਿ ਜਿੱਥੇ ਅੰਗ ਅਤੇ ਟਿਸ਼ੂ ਦੇ ਦਾਨ ਦੀ ਚੋਣ ਕਰਨ (opt-in) ਜਾਂ ਚੋਣ ਵਾਪਸ ਕਰਨ (opt-out) ਬਾਰੇ ਕੋਈ ਫੈਸਲਾ ਰਿਕਾਰਡ ਨਹੀਂ ਕੀਤਾ ਗਿਆ ਹੈ, ਅਤੇ ਫੈਸਲੇ ਬਾਰੇ ਕੋਈ ਜਾਣਕਾਰੀ ਨਹੀਂ ਹੈ, ਤਾਂ ਸਹਿਮਤੀ ਸੋਚੀ-ਸਮਝੀ ਮੰਨੀ ਜਾਂਦੀ ਹੈ (ਯਾਂਨੀ, ਇਹ ਸਮਝਿਆ ਜਾ ਸਕਦਾ ਹੈ ਕਿ ਵਿਅਕਤੀ ਦਾਨ ਕਰਨ ਲਈ ਸਹਿਮਤ ਹੋਇਆ ਹੋਵੇਗਾ)। ਕੁਝ ਹਾਲਾਤਾਂ ਵਿੱਚ ਅੰਗਾਂ ਅਤੇ ਟਿਸ਼ੂਆਂ ਨੂੰ ਮੌਤ ਤੋਂ ਬਾਅਦ ਟ੍ਰਾਂਸਪਲਾਂਟ ਕਰਨ ਲਈ ਵਰਤਿਆ ਜਾ ਸਕਦਾ ਹੈ। ਮ੍ਰਿਤਕ ਦੇ ਪਰਿਵਾਰ ਅਤੇ ਨਜ਼ਦੀਕੀ ਦੋਸਤਾਂ ਦੇ ਨਾਲ ਹਮੇਸ਼ਾ ਗੱਲਬਾਤ ਕੀਤੀ ਜਾਵੇਗੀ (ਇਹ ਦੇਖਣ ਲਈ ਕਿ ਇਹਨਾਂ ਵਿਅਕਤੀਆਂ ਵਿੱਚ ਕੌਣ ਸ਼ਾਮਲ ਹੋ ਸਕਦਾ ਹੈ, ਕਿਰਪਾ ਕਰਕੇ ਹੇਠਾਂ **ਅਪੈਂਡਿਕਸ A – ਯੋਗ ਬਣਦੇ ਰਿਸ਼ਤੇ (Appendix A – Qualifying Relationships)** ਦੇਖੋ)।




## ਅੰਗ ਅਤੇ ਟਿਸ਼ੂ ਨੂੰ ਦਾਨ ਕਰਨ ਦੀ ਚੋਣ ਕਰਨਾ

HTA ਕਾਨੂੰਨੀ ਸਹਿਮਤੀ ਵਜੋਂ ਮੰਨੇ ਜਾਂਦੇ ਨਿਰਦੇਸ਼ਨ ਨੂੰ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਹੁੰਦੇ ਹਨ।

ਅੰਗ ਅਤੇ ਟਿਸ਼ੂ ਦਾ ਦਾਨ ਕਾਨੂੰਨੀ ਤੌਰ 'ਤੇ ਕੀਤੇ ਜਾਣ ਲਈ ਸਹਿਮਤੀ ਪ੍ਰਾਪਤ ਹੋਣੀ ਲਾਜ਼ਮੀ ਹੈ, ਪਰ ਇਸਦਾ ਇਹ ਮਤਲਬ ਨਹੀਂ ਹੈ ਕਿ ਜਿੱਥੇ ਸਹਿਮਤੀ ਦਿੱਤੀ ਗਈ ਹੈ, ਉੱਥੇ ਦਾਨ ਹੋਣਾ ਲਾਜ਼ਮੀ ਹੈ। ਇਹ ਇੱਕ ਨੈਦਾਨਿਕ ਫੈਸਲਾ ਹੈ ਜਿਸ ਵਿੱਚ ਤੁਹਾਡਾ ਪਰਿਵਾਰ ਬਹੁਤ ਮਹੱਤਵਪੂਰਨ ਰੋਲ ਨਿਭਾਉਂਦਾ ਹੈ।

ਤੁਹਾਡੀ ਜ਼ਿੰਦਗੀ ਦੇ ਦੌਰਾਨ, ਤੁਸੀਂ ਕਈ ਤਰੀਕਿਆਂ ਵਿੱਚ ਦਾਨ ਕਰਨ ਦੀ ਸਹਿਮਤੀ ਦੇ ਸਕਦੇ ਹੋ:

- ਅਜਿਹਾ ਕਰਨ ਦਾ ਸਭ ਤੋਂ ਆਮ ਤਰੀਕਾ ਆਪਣੇ ਫੈਸਲੇ ਨੂੰ ਅੰਗ ਦਾਨੀ ਰਜਿਸਟਰ (Organ Donor Register) (ODR) ਦੁਆਰਾ ਰਜਿਸਟਰ ਕਰਨਾ ਹੈ, ਜੋ NHS ਬਲੱਡ ਐਂਡ ਟ੍ਰਾਂਸਪਲਾਂਟ (NHS Blood and Transplant) (NHSBT) ਦੁਆਰਾ ਚਲਾਇਆ ਜਾਂਦਾ ਹੈ। ਇਸਦੀ ਜਾਂਚ ਅਜਿਹੇ ਹਰ ਮਾਮਲੇ ਵਿੱਚ ਕੀਤੀ ਜਾਂਦੀ ਹੈ, ਜਿੱਥੇ ਅੰਗ ਅਤੇ ਟਿਸ਼ੂ ਦਾਨ ਕਰਨ ਦੀ ਸੰਭਾਵਨਾ ਹੋਵੇ।
- ਆਪਣੇ ਪਰਿਵਾਰ ਅਤੇ ਦੋਸਤਾਂ ਦੇ ਨਾਲ ਆਪਣਾ ਫੈਸਲਾ ਸਾਂਝਾ ਕਰੋ।
- ਤੁਸੀਂ NHS ਐਪ (NHS App) ਦੁਆਰਾ ਆਪਣੇ ਫੈਸਲੇ ਨੂੰ ਰਿਕਾਰਡ ਕਰਨ ਲਈ ODR ਦੀ ਵਰਤੋਂ ਵੀ ਕਰ ਸਕਦੇ ਹੋ।
- ਤੁਸੀਂ ਆਪਣੀ ਮੌਤ ਤੋਂ ਬਾਅਦ ਤੁਹਾਡੀ ਖਾਤਿਰ ਫੈਸਲਾ ਲੈਣ ਲਈ ਕਿਸੇ ਨੁਮਾਇੰਦੇ ਦਾ ਨਾਮ ਵੀ ਦੇ ਸਕਦੇ ਹੋ (ਇੱਥੇਹੋਰ ਪੜ੍ਹੋ)।

ਤੁਸੀਂ ਕਿਸੇ ਵੀ ਸਮੇਂ ਆਪਣੀ ਸਹਿਮਤੀ ਵਾਪਸ ਲੈ ਸਕਦੇ ਹੋ। **ਕਿਰਪਾ ਕਰਕੇ ਨੋਟ ਕਰੋ** - ਖੋਜ ਜਿਹੇ ਉਦੇਸ਼ਾਂ ਲਈ ਸਹਿਮਤੀ ਸੋਚੀ-ਸਮਝੀ ਨਹੀਂ ਮੰਨੀ ਜਾ ਸਕਦੀ; ਇਹ ਸੋਚੀ-ਸਮਝੀ ਸਹਿਮਤੀ ਦੀ ਸੀਮਾ ਤੋਂ ਬਾਹਰ ਹੈ। ਹਮੇਸ਼ਾ ਸਪਸ਼ਟ ਸਹਿਮਤੀ ਮੰਗੀ ਜਾਵੇਗੀ।

## ਮੇਰੀ ਸਹਿਮਤੀ ਕੀ ਕੁਝ ਕਵਰ ਕਰਦੀ ਹੈ?

ਤੁਸੀਂ ਆਪਣੀ ਮੌਤ ਤੋਂ ਬਾਅਦ ਆਪਣੇ ਸਾਰੇ ਅੰਗਾਂ ਅਤੇ ਟਿਸ਼ੂ ਦੇ ਦਾਨ ਲਈ, ਦਾਨ ਦੇਣ ਦੀ ਸਹਿਮਤੀ ਦੇ ਸਕਦੇ ਹੋ, ਜਾਂ ਤੁਸੀਂ ਵਿਸ਼ੇਸ਼ ਤੌਰ 'ਤੇ ਦੱਸ ਸਕਦੇ ਹੋ ਕਿ ਤੁਸੀਂ ਕਿਹੜੇ ਅੰਗਾਂ ਅਤੇ ਟਿਸ਼ੂ ਨੂੰ ਦਾਨ ਕਰਨ ਦੀ ਸਹਿਮਤੀ ਦਿੰਦੇ ਹੋ।

ਤੁਸੀਂ ਕਿਸੇ ਵਿਸ਼ੇਸ਼ ਕਿਸਮ ਦੇ ਵਿਅਕਤੀ ਬਾਰੇ ਨਹੀਂ ਦੱਸ ਸਕਦੇ, ਜਿਸ ਨੂੰ ਤੁਸੀਂ ਦਾਨ ਕਰਨਾ ਚਾਹੁੰਦੇ ਹੋ। ਕਈ ਵਾਰ, ਭਾਵੇਂ ਸਹਿਮਤੀ ਪ੍ਰਾਪਤ ਕਰ ਲਈ ਹੋਵੇ, ਤਾਂ ਵੀ ਦਾਨ ਸੰਭਵ ਨਹੀਂ ਹੋ ਸਕਦਾ। ਇਸ ਤਰ੍ਹਾਂ ਦਾ ਮਾਮਲਾ ਹੋਣ ਦੇ ਕਈ ਕਾਰਨ ਹਨ।




## ਅੰਗ ਅਤੇ ਟਿਸ਼ੂ ਦਾਨ ਕਰਨ ਦੀ ਚੋਣ ਨੂੰ ਵਾਪਸ ਲੈਣਾ

ਤੁਹਾਡੀ ਜ਼ਿੰਦਗੀ ਦੇ ਦੌਰਾਨ, ਤੁਸੀਂ ਕਈ ਤਰੀਕਿਆਂ ਵਿੱਚ ਦਾਨ ਕਰਨ ਦੀ ਸਹਿਮਤੀ ਨੂੰ ਵਾਪਸ ਲੈ ਸਕਦੇ ਹੋ:

- ਅਜਿਹਾ ਕਰਨ ਦਾ ਸਭ ਤੋਂ ਆਮ ਤਰੀਕਾ ਆਪਣੇ ਫੈਸਲੇ ਨੂੰ ਅੰਗ ਦਾਨੀ ਰਜਿਸਟਰ (Organ Donor Register) (ODR) ਦੁਆਰਾ ਰਜਿਸਟਰ ਕਰਨਾ ਹੈ, ਜੋ NHS ਬਲੱਡ ਐਂਡ ਟ੍ਰਾਂਸਪਲਾਂਟ (NHS Blood and Transplant) (NHSBT) ਦੁਆਰਾ ਚਲਾਇਆ ਜਾਂਦਾ ਹੈ। ਇਸਦੀ ਜਾਂਚ ਅਜਿਹੇ ਹਰ ਮਾਮਲੇ ਵਿੱਚ ਕੀਤੀ ਜਾਂਦੀ ਹੈ, ਜਿੱਥੇ ਅੰਗ ਅਤੇ ਟਿਸ਼ੂ ਦਾਨ ਕਰਨ ਦੀ ਸੰਭਾਵਨਾ ਹੋਵੇ।
- ਆਪਣੇ ਪਰਿਵਾਰ ਅਤੇ ਦੋਸਤਾਂ ਦੇ ਨਾਲ ਆਪਣਾ ਫੈਸਲਾ ਸਾਂਝਾ ਕਰੋ।
- ਤੁਸੀਂ NHS ਐਪ (NHS App) ਦੁਆਰਾ ਆਪਣੇ ਫੈਸਲੇ ਨੂੰ ਰਿਕਾਰਡ ਕਰਨ ਲਈ ODR ਦੀ ਵਰਤੋਂ ਵੀ ਕਰ ਸਕਦੇ ਹੋ।
- ਤੁਸੀਂ ਆਪਣੀ ਮੌਤ ਤੋਂ ਬਾਅਦ ਤੁਹਾਡੀ ਖਾਤਿਰ ਫੈਸਲਾ ਲੈਣ ਲਈ ਕਿਸੇ ਨੁਮਾਇੰਦੇ ਦਾ ਨਾਮ ਵੀ ਦੇ ਸਕਦੇ ਹੋ (ਇੱਥੇਹੋਰ ਪੜ੍ਹੋ)।

ਜੇ ਤੁਸੀਂ ਇਹ ਜਾਣਕਾਰੀ ਦੇ ਦਿੰਦੇ ਹੋ ਕਿ ਤੁਸੀਂ ਅੰਗ ਅਤੇ ਟਿਸ਼ੂ ਦਾਨ ਲਈ ਸਹਿਮਤ ਨਹੀਂ ਹੋ, ਤਾਂ ਦਾਨ ਦਾ ਕੰਮ ਨਹੀਂ ਕੀਤਾ ਜਾ ਸਕਦਾ।

## ਹੋਰ ਜਾਣਕਾਰੀ ਅਤੇ ਸੰਸਾਧਨ

### ਸੋਚੀ-ਸਮਝੀ ਸਹਿਮਤੀ ਦੇ ਤਹਿਤ ਸ਼ਾਮਲ ਨਾ ਹੋਣ ਵਾਲੇ ਅੰਗ

ਕੁਝ ਅੰਗਾਂ ਅਤੇ ਟਿਸ਼ੂਆਂ ਲਈ ਸਹਿਮਤੀ ਸੋਚੀ-ਸਮਝੀ ਨਹੀਂ ਹੋ ਸਕਦੀ ਅਤੇ ਸਪਸ਼ਟ ਸਹਿਮਤੀ ਮੰਗਣ ਦੀ ਲੋੜ ਹੋਵੇਗੀ। ਤੁਸੀਂ ਇੱਥੇ HTA ਵੈਬਸਾਈਟ ਉੱਤੇ ਸਪਸ਼ਟ ਸਹਿਮਤੀ ਦੀ ਲੋੜ ਵਾਲੇ ਅੰਗਾਂ ਅਤੇ ਟਿਸ਼ੂ ਦੀ ਸੂਚੀ ਦੇਖ ਸਕਦੇ ਹੋ।

## ਛੱਡੇ ਗਏ ਸਮੂਹ (Excepted Groups) (ਅਜਿਹੇ ਵਿਅਕਤੀ ਜਿਹਨਾਂ ਦੀ ਸਹਿਮਤੀ ਇੰਗਲੈਂਡ ਅਤੇ ਵੇਲਸ ਵਿੱਚ ਸੋਚੀ-ਸਮਝੀ ਨਹੀਂ ਮੰਨੀ ਜਾ ਸਕਦੀ)

ਹੇਠ ਲਿਖੇ ਹਾਲਾਤਾਂ ਵਿੱਚ ਸਹਿਮਤੀ ਸੋਚੀ-ਸਮਝੀ ਨਹੀਂ ਮੰਨੀ ਜਾ ਸਕਦੀ:

- ਮ੍ਰਿਤਕ 18 ਸਾਲ ਤੋਂ ਛੋਟਾ ਬੱਚਾ ਹੈ;
- ਮ੍ਰਿਤਕ ਇੱਕ ਬਾਲਗ਼ ਹੈ, ਜੋ ਮੌਤ ਤੋਂ ਤੁਰੰਤ ਪਹਿਲਾਂ ਘੱਟੋ-ਘੱਟ 12 ਮਹੀਨਿਆਂ ਦੀ ਮਿਆਦ ਲਈ **ਆਮ ਤੌਰ 'ਤੇ ਰਿਹਾਇਸ਼ੀ ਨਹੀਂ** ਸੀ, ਜਾਂ;
- ਮ੍ਰਿਤਕ ਇੱਕ ਬਾਲਗ਼ ਹੈ ਜਿਸ ਕੋਲ ਆਪਣੀ ਮੌਤ ਤੋਂ ਪਹਿਲਾਂ ਅਹਿਮ ਮਿਆਦ ਲਈ ਸੋਚੀ-ਸਮਝੀ ਸਹਿਮਤੀ ਦੀ ਧਾਰਣਾ ਨੂੰ **ਸਮਝਣ ਦੀ ਸਮਰੱਥਾ ਨਹੀਂ ਸੀ**।

## ਧਰਮ ਅਤੇ ਵਿਸ਼ਵਾਸ

ਕਿਸੇ ਵੀ ਦਾਨ-ਸਬੰਧੀ ਕੰਮ ਨੂੰ ਕਰਨ ਤੋਂ ਪਹਿਲਾਂ ਤੁਹਾਡੇ ਪਰਿਵਾਰ ਨਾਲ ਚਰਚਾ ਕੀਤੀ ਜਾਵੇਗੀ - ਭਾਵੇਂ ਜੇ ਤੁਸੀਂ ਅੰਗ ਅਤੇ ਟਿਸ਼ੂ ਦਾਨ ਲਈ ਚੋਣ ਕਰਨ ਦੇ ਆਪਣੇ ਫੈਸਲੇ ਨੂੰ ਰਿਕਾਰਡ ਕੀਤਾ ਹੋਇਆ ਹੈ।

ਇਹ ਚਰਚਾਵਾਂ ਤੁਹਾਡੇ ਧਰਮ ਅਤੇ ਵਿਸ਼ਵਾਸ 'ਤੇ ਗੌਰ ਕਰਨਗੀਆਂ, ਭਾਵੇਂ ਇਹ ਸੱਭਿਆਚਾਰਕ, ਆਤਮਿਕ, ਧਾਰਮਿਕ ਹਨ ਜਾਂ ਗੈਰ-ਧਾਰਮਿਕ। ਹਸਪਤਾਲਾਂ ਵਿੱਚ ਵੀ ਧਰਮ ਪ੍ਰਤੀ ਸਿਖਲਾਈ-ਪ੍ਰਾਪਤ ਸੰਯੋਜਕ, ਵੱਖ-ਵੱਖ ਧਰਮਾਂ ਦੀ ਪ੍ਰਤੀਨਿਧਤਾ ਕਰ ਰਹੀ ਪ੍ਰੋਹਿਤ ਸੇਵਾ, ਜਾਂ ਮਾਨਤਾ-ਪ੍ਰਾਪਤ ਗੈਰ-ਧਾਰਮਿਕ ਪਾਦਰੀ ਦੇਖਭਾਲ-ਕਰਤਾ ਹੋ ਸਕਦੇ ਹਨ, ਜੋ ਪਰਿਵਾਰਾਂ ਦਾ ਸਾਥ ਦੇਣ ਵਿੱਚ ਮਦਦ ਕਰਦੇ ਹਨ।

ਜੇ ਤੁਸੀਂ ODR ਉੱਤੇ ਆਪਣੇ ਫੈਸਲੇ ਨੂੰ ਰਜਿਸਟਰ ਕਰਦੇ ਹੋ, ਤੁਸੀਂ ਇਹ ਬੇਨਤੀ ਕਰ ਸਕਦੇ ਹੋ ਕਿ ਤੁਹਾਡੇ ਪਰਿਵਾਰ ਨਾਲ ਇਸ ਬਾਰੇ ਗੱਲ ਕੀਤੀ ਜਾਵੇ ਕਿ ਤੁਹਾਡੇ ਧਰਮ ਜਾਂ ਵਿਸ਼ਵਾਸ ਦੇ ਅਨੁਕੂਲ ਤੁਹਾਡੇ ਅੰਗ ਅਤੇ ਟਿਸ਼ੂ ਦਾਨ ਦੇ ਕੰਮ ਨੂੰ ਅੱਗੇ ਕਿਵੇਂ ਕੀਤਾ ਜਾ ਸਕਦਾ ਹੈ।

ਅੰਗ ਅਤੇ ਟਿਸ਼ੂ ਦਾਨ ਨਾਲ ਸਬੰਧਤ ਧਾਰਮਿਕ ਵਿਸ਼ਵਾਸ ਅਤੇ ਧਰਮ ਉੱਤੇ ਵਧੇਰੀ ਜਾਣਕਾਰੀ ਇੱਥੇ NHS BT ਦੀ ਵੈਬਸਾਈਟ ਉੱਤੇ ਮਿਲ ਸਕਦੀ ਹੈ: https://www.organdonation.nhs.uk/helping-you-to-decide/your-faith-and-beliefs/.

## ਅਪੈਂਡਿਕਸ A - ਯੋਗ ਬਣਦੇ ਰਿਸ਼ਤੇ

ਮਨੁੱਖੀ ਟਿਸ਼ੂ ਐਕਟ 2004 'ਯੋਗ ਬਣਦੇ' ('qualifying') ਰਿਸ਼ਤਿਆਂ ਦੀ ਇੱਕ ਸੂਚੀ ਸ਼ਾਮਲ ਕਰਦਾ ਹੈ, ਜਿਹਨਾਂ ਨੂੰ ਦਰਜਾ ਦਿੱਤਾ ਗਿਆ ਹੈ।

ਸੂਚੀ ਹੇਠਾਂ ਮੁਤਾਬਕ ਹੈ:

1. ਪਤੀ-ਪਤਨੀ ਜਾਂ ਸਾਥੀ (ਸਿਵਲ ਜਾਂ ਸਮਾਨ ਲਿੰਗ ਸਾਥੀ ਸਮੇਤ)
2. ਮਾਤਾ-ਪਿਤਾ ਜਾਂ ਬੱਚਾ
3. ਭਰਾ ਜਾਂ ਭੈਣ
4. ਦਾਦਾ-ਦਾਦੀ/ਨਾਨਾ-ਨਾਨੀ ਜਾਂ ਪੋਤਾ-ਪੋਤੀ/ਦੋਹਤਾ-ਦੋਹਤੀ
5. ਭਤੀਜੀ ਜਾਂ ਭਤੀਜਾ
6. ਮਤਰੇਏ ਪਿਤਾ ਜਾਂ ਮਤਰੇਈ ਮਾਂ
7. ਭਰਾ ਜਾਂ ਭੈਣ (ਜਿਸ ਦੇ ਅਤੇ ਤੁਹਾਡੇ ਮਾਤਾ-ਪਿਤਾ ਵਿੱਚੋਂ ਇੱਕ ਵਿਅਕਤੀ ਸਾਂਝਾ ਹੈ)
8. ਲੰਮੇ ਸਮੇਂ ਦਾ ਦੋਸਤ

ਇਹਨਾਂ ਉਦੇਸ਼ਾਂ ਲਈ, ਅਜਿਹੇ ਕਿਸੇ ਵਿਅਕਤੀ ਨੂੰ ਸਾਥੀ ਮੰਨਿਆ ਜਾਂਦਾ ਹੈ ਜੇ ਉਹ ਚਿਰ-ਸਥਾਈ ਪਰਿਵਾਰਕ ਰਿਸ਼ਤੇ ਵਿੱਚ ਸਾਥੀਆਂ ਵਜੋਂ ਰਹਿੰਦੇ ਹਨ।